بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 13.12.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਇਮਾਨ ਵਧਾਉਣ ਵਾਲਾ ਮਨਮੋਹਕ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 13 ਦਸੰਬਰ 2019 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਉਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਮੈਂ ਹਜ਼ਰਤ ਹਲਾਲ ਬਿਨ ਉਮਯੱਾ ਦਾ ਜ਼ਿਕਰ ਕਰ ਰਿਹਾ ਸੀ ਹਜ਼ਰਤ ਹਲਾਲ ਉਹਨਾ ਤਿੰਨ ਪਿੱਛੇ ਰਹਿ ਜਾਣ ਵਾਲਿਆਂ ਵਿੱਚੋਂ ਸਨ ਜੋ ਤਬੂਕ ਦੀ ਜੰਗ ਵਿੱਚ ਸ਼ਾਮਲ ਨਹੀਂ ਹੋਏ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਜੰਗ ਤੋਂ ਵਾਪਸ ਆਉਣ ਦੇ ਬਾਦ ਇਹਨਾ ਲੋਕਾਂ ਨਾਲ ਨਰਾਜ਼ਗੀ ਦਾ ਪ੍ਰਗਟਾਵਾ ਕੀਤਾ ਅਤੇ ਕੁਝ ਦੰਡ ਵੀ ਦਿਤੱਾ, ਜਿਸ'ਤੇ ਇਹ ਤਿੰਨੇ ਬਹੁਤ ਬੇਚੈਨ ਸਨ ਅਤੇ ਰੱਬ ਦੀ ਹਜ਼ੂਰੀ ਵਿੱਚ ਝੁਕਦਿਆਂ ਹੋਇਆਂ ਇਸਤਗ਼ਫ਼ਾਰ ਤੇ ਤੋਬਾ ਕਰਦੇ ਰਹੇ । ਇੱਥੋਂ ਤੱਕ ਕਿ ਇਹਨਾ ਤਿੰਨੇ ਸਹਾਬਾ ਦੀ ਕਰੜੀ ਇਬਾਦਤ ਤੇ ਰੱਬ ਦੀ ਹਜ਼ੂਰੀ ਵਿੱਚ ਦਿੱਤੀਆ ਅਰਜ਼ੋਈਆਂ, ਜਿੰਨ੍ਹਾ ਵਿੱਚ ਹਜ਼ਰਤ ਹਲਾਲ ਵੀ ਸ਼ਾਮਲ ਸਨ ਰੱਬ ਦੀ ਹਜ਼ੂਰੀ ਵਿੱਚ ਪਰਵਾਨ ਹੋਈਆਂ ਅਤੇ ਇਹਨਾ ਦੀ ਮੁਆਫ਼ੀ ਬਾਰੇ ਰੱਬ ਨੇ ਆਇਤ ਨਾਜ਼ਲ ਕੀਤੀ। ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਬੀਤੇ ਜ਼ਿਕਰ ਦੀ ਲੜੀ ਵਿੱਚ ਕੁਝ ਹੋਰ ਗਲੱਾਂ ਹਨ ਜੋ ਮੈਂ ਇਸ ਸਮੇਂ ਪੇਸ਼ ਕਰਾਂਗਾ ।

ਉਹ ਲੋਕ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਨ ਜਾਣ ਨੂੰ ਪਹਿਲ ਦੇ ਰਹੇ ਸਨ, ਉਹਨਾ ਵਿੱਚ ਇਕ ਵਿਅਕਤੀ ਜੱਦ ਬਿਨ ਕੈਸ ਸੀ । ਆਪ ਸਲਲੱਾਹੁ ਅਲੈਹਿ ਵਸਲਮ ਨੇ ਇਸ ਨੂੰ ਫ਼ਰਮਾਇਆ ਕਿ ਤੁਸੀਂ ਰੋਮੀਆਂ ਨਾਲ ਜੰਗ ਲਈ ਸਾਡੇ ਨਾਲ ਨਹੀਂ ਚੱਲੋਗੇ ? ਇਸ ਨੇ ਇਹ ਬਹਾਨਾ

ਬਣਾਇਆ ਕਿ ਉਹ ਇਸਤਰੀਆਂ ਕਰਕੇ ਫ਼ਿਤਨੇ ਵਿੱਚ ਪੈ ਸਕਦਾ ਹੈ, ਇਸਤਰੀਆਂ ਹਨ, ਘਰੇਲੂ ਜ਼ਿੱਮੇਦਾਰੀਆਂ ਹਨ, ਕੁਝ ਸਮੱਸਿਆਵਾਂ ਹਨ ਇਸ ਲਈ ਉਸਨੂੰ ਪ੍ਰੀਖਿਆ ਵਿੱਚ ਨ ਪਾਇਆ ਜਾਵੇ, ਇਉਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਉਸਨੂੰ ਛੱਡ ਦਿਤੱਾ ਅਤੇ ਆਗਿਆ ਦੇ ਦਿੱਤੀ । ਇਸ'ਤੇ ਰੱਬ ਨੇ ਇਹ ਆਇਤ ਨਾਜ਼ਲ ਕੀਤੀ :

وَمِنْهُمْ مَّنْ يَّقُوْلُ ائْذَنْ لِّيْ وَلَا تَفْتِنِّيْ ؕ اَلَا فِى الْفِتْنَةِ سَقَطُوْا ؕ وَاِنَّ جَهَنَّمَ لَمُحِيْطَةٌ بِالْكٰفِرِيْنَ

ਅਤੇ ਇਹਨਾ ਵਿੱਚੋਂ ਵੀ ਉਹ ਹਨ ਜੋ ਕਹਿੰਦਾ ਹੈ ਕਿ ਮੈਂਨੂੰ ਛੁੱਟੀ ਦੇ ਦਿਓ ਅਤੇ ਮੈਂਨੂੰ ਫ਼ਿਤਨੇ ਵਿੱਚ ਨ ਪਾਓ, ਖ਼ਬਰਦਾਰ ਉਹ ਫ਼ਿਤਨੇ ਵਿੱਚ ਪੈ ਚੁੱਕੇ ਹਨ ਅਤੇ ਨਿਸ਼ਚੇ ਹੀ ਨਰਕ ਕਾਫ਼ਰਾਂ ਨੂੰ ਹਰ ਪਾਸਿਓਂ ਘੇਰ ਲੈਂਣ ਵਾਲਾ ਹੈ । ਮਦੀਨੇ ਵਿੱਚ ਸ਼ਾਮ ਦਿਸ਼ਾ ਵੱਲ ਅਬੁਲ ਹੈਸਮ ਬਿਨ ਤੇਹਾਨ ਦਾ ਇਕ ਖੂਹ ਸੀ, ਇਸ ਦਾ ਪਾਣੀ ਬਹੁਤ ਚੰਗਾ ਸੀ । ਆਂ'ਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਵੀ ਇਸ ਪਾਣੀ ਨੂੰ ਪੀਤਾ ਅਤੇ ਪਸੰਦ ਫ਼ਰਮਾਇਆ । ਇਸ ਯਹੂਦੀ ਦਾ ਘਰ ਮੁਨਾਫ਼ਕਾਂ ਦਾ ਗੜ੍ਹ ਸੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਖ਼ਬਰ ਮਿਲੀ ਕਿ ਮੁਨਾਫ਼ਕ ਉੱਥੇ ਇਕੱਠੇ ਹੋ ਰਹੇ ਹਨ ਅਤੇ ਉਹ ਲੋਕਾਂ ਨੂੰ ਤਬੂਕ ਦੀ ਜੰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨਾਲ ਜਾਣ ਤੋਂ ਰੋਕ ਰਹੇ ਹਨ । ਆਂ'ਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਅਮੱਾਰ ਬਿਨ ਯਾਸਿਰ ਨੂੰ ਫ਼ਰਮਾਇਆ ਕਿ ਇਹਨਾਂ ਲੋਕਾਂ ਕੋਲ ਜਾਓ ਅਤੇ ਇਹਨਾ ਨਾਲ ਜਾਕੇ ਇਹਨਾ ਗਲੱਾਂ ਬਾਰੇ ਪੁੱਛੋ ਜੋ ਇਹਨਾ ਨੇ ਕੀਤੀਆਂ ਹਨ । ਜੇਕਰ ਉਹ ਇਨਕਾਰ ਕਰਨ ਤਾਂ ਉਹਨਾ ਨੂੰ ਦੱਸ ਦੇਣਾ ਕਿ ਤੁਸੀਂ ਇਹ ਇਹ ਕਿਹਾ ਹੈ ਮੈਨੂੰ ਖ਼ਬਰ ਪਹੁੰਚੀ ਹੈ । ਜੱਦ ਅਮੱਾਰ ਉੱਥੇ ਪਹੁੰਚੇ ਅਤੇ ਉਹਨਾ ਦੇ ਉਹ ਸਭ ਕੁਝ ਕਿਹਾ ਤਾਂ ਉਹ ਲੋਕ ਆਪ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਆਣਕੇ ਖਿਮਾ ਯਾਚਨਾ ਕਰ ਲੱਗੇ ।

ਬਹਿਰਹਾਲ ਇਹ ਹਾਲਾਤ ਸਨ । ਉਸ ਸਮੇਂ ਜਾਣ ਤੋਂ ਪਹਿਲਾਂ ਮਨਸੂਬੇ ਬਣ ਰਹੇ ਸਨ ਕਿ ਨ ਜਾਇਆ ਜਾਏ । ਮੁਨਾਫ਼ਕ ਇਹਨਾ ਵਿੱਚ ਸ਼ਾਮਲ ਸਨ, ਯਹੂਦੀ ਇਹਨਾ ਨੂੰ ਉਕਸਾ ਰਹੇ ਸਨ । ਕੁਝ ਅਜਿਹੇ ਬਹਾਨੇ ਬਣਾਉਂਦੇ ਰਹੇ ਅਤੇ ਕੁਝ ਨੇ ਬਾਦ ਵਿੱਚ ਬਹਾਨੇ ਬਣਾਏ । ਅਰਥਾਤ ਵਾਪਸ ਪਰਤਨ'ਤੇ ਆਂ'ਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਕੇ ਬਹਾਨੇ ਬਣਾਏ । ਬਹਿਰ ਹਾਲ ਆਪਨੇ ਉਹਨਾ ਦਾ ਮਾਮਲਾ ਰੱਬ ਉਪੱਰ ਛੱਡ ਦਿਤੱਾ ।

ਆਂ'ਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਇਹ ਮਰਿਆਦਾ ਸੀ ਕਿ ਜੱਦ ਕਿਸੇ ਸਫ਼ਰ ਤੋਂ ਮਦੀਨੇ ਪਰਤਦੇ ਤਾਂ ਪਹਿਲਾਂ ਮਸਜਿਦ ਵਿੱਚ ਆਣਕੇ ਦੋ ਰਕਅਤ ਨਮਾਜ਼ ਪੜ੍ਹਦੇ । ਇਸੇ ਪ੍ਰਕਾਰ ਜੱਦ ਆਪ ਤਬੂਕ ਤੋਂ ਵਾਪਸ ਪਰਤੇ ਤਾਂ ਮਦੀਨੇ ਵਿੱਚ ਸਵੇਰੇ ਚੜ੍ਹੇ ਦਿਨ ਦਾਖ਼ਲ ਹੋਏ ਅਤੇ ਪਹਿਲਾਂ ਮਸਜਿਦ ਵਿੱਚ ਦੋ ਰਕਅਤਾਂ ਨਮਾਜ਼ ਪੜ੍ਹੀ । ਨਮਾਜ਼ ਦੇ ਬਾਦ ਆਪ ਲੋਕਾਂ ਲਈ ਮਸਜਿਦ ਵਿੱਚ ਫਿਰ ਆਏ । ਇਸ ਸਮੇਂ ਉਹ ਲੋਕ ਵੀ ਆਪ ਨੂੰ ਮਿਲਣ ਲਈ ਆਏ ਜੋ ਜਾਣ ਬੁਝੱਕੇ ਪਿੱਛੇ ਰਹਿ ਗਏ ਸਨ । ਉਹ ਆਪ ਦੇ ਸਾਹਮਣੇ ਆਪਣਾ ਕੋਈ ਨ ਕੋਈ ਉਜ਼ਰ ਪੇਸ਼ ਕਰਦੇ । ਅਜਿਹੇ ਲੋਕਾਂ ਦੀ ਗਿਣਤੀ ਅੱਸੀ ਦੇ ਲਗਭਗ ਸੀ । ਆਪ ਸਲਲੱਾਹੁ ਅਲੈਹਿ ਵਸਲਮ ਇਹਨਾ ਦੇ ਬਿਆਨਾ ਨੂੰ ਕੁਬੂਲ ਕਰਦੇ ਜਾਂਦੇ ਅਤੇ ਇਹਨਾ ਨੂੰ ਦਰਗੁਜ਼ਰ ਕਰਦੇ ਰਹੇ ਅਤੇ ਇਹਨਾ ਦੀ

ਦੀ ਬੈਅਤ ਵੀ ਲੈਂਦੇ ਰਹੇ ਅਤੇ ਇਹਨਾ ਲਈ ਇਸਤਗ਼ਫ਼ਾਰ ਵੀ ਕਰਦੇ ਰਹੇ । ਪਰੰਤੂ ਜਿਵੇਂ ਕਿ ਪਹਿਲਾਂ ਵਿਸਥਾਰ ਪੂਰਨ ਵਰਨਣ ਲੰਘ ਚੁੱਕਿਆ ਹੈ ਹਜ਼ਰਤ ਹਲਾਲ ਬਿਨ ਉਮਯੱਾ, ਹਜ਼ਰਤ ਮਰਾਰਹ ਬਿਨ ਰਬੀਅ ਅਤੇ ਹਜ਼ਰਤ ਕਅਬ ਬਿਨ ਮਾਲਕ ਨੇ ਕੋਈ ਝੂਠਾ ਉਜ਼ਰ ਪੇਸ਼ ਨਹੀਂ ਕੀਤਾ ਅਤੇ ਇਸ ਦੇ ਸਬਬ ਕੁਝ ਸਮੇਂ ਲਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਨਰਾਜ਼ਗੀ ਨੂੰ ਝਲੱਣਾ ਪਿਆ । ਬਹੁਤ ਰੋਂਦੇ ਰਹੇ, ਗਿੜਗਿੜਾਉਂਦੇ ਰਹੇ, ਰੱਬ ਦੀ ਹਜ਼ੂਰੀ ਵਿੱਚ ਤੋਬਾ ਕਰਦਿਆਂ ਹੋਇਆ ਝੁਕਦੇ ਰਹੇ ਅਤੇ ਫ਼ਿਰ ਰੱਬ ਨੇ ਕੁਰਆਨ ਕਰੀਮ ਵਿੱਚ ਇਹਨਾ ਦੀ ਤੋਬਾ ਕੁਬੂਲ ਕਰਨ ਦਾ ਐਲਾਨ ਵੀ ਕਰ ਦਿਤੱਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੂਜੇ ਸਹਾਬੀ ਜਿੰਨ੍ਹਾ ਦਾ ਜ਼ਿਕਰ ਹੋਵੇਗਾ ਉਹ ਹਜ਼ਰਤ ਮਰਾਰਹ ਬਿਨ ਰਬੀਅ ਆਮਰੀ ਹਨ । ਹਜ਼ਰਤ ਮਰਾਰਹ ਬਿਨ ਰਬੀਅ ਆਮਰੀ ਦਾ ਸੰਬੰਧ ਅੰਸਾਰ ਦੇ ਕਬੀਲੇ ਓਸ ਦੇ ਪਰਿਵਾਰ ਬਨੂ ਉਮੋਰੋ ਬਿਨ ਔਫ਼ ਨਾਲ ਸੀ । ਹਜ਼ਰਤ ਮਰਾਰਹ ਨੂੰ ਬਦਰ ਦੀ ਜੰਗ ਵਿੱਚ ਸ਼ਾਮਲ ਹੋਣ ਦਾ ਸੋਭਾਗ ਪ੍ਰਾਪਤ ਸੀ । ਬੁਖ਼ਾਰੀ ਅਤੇ ਸਹਾਬਾ ਦੇ ਹਾਲਾਤ ਉਪੱਰ ਅਧਾਰਤ ਕਿਤਾਬਾਂ ਵਿੱਚ ਇਹਨਾ ਦਾ ਬਦਰ ਦੀ ਜੰਗ ਵਿੱਚ ਭਾਗ ਲੈਂਣ ਦਾ ਜ਼ਿਕਰ ਮਿਲਦਾ ਹੈ । ਇਹ ਇਹਨਾ ਤਿੰਨ ਸਹਾਬਾ ਵਿੱਚੋਂ ਸਨ ਜੋ ਤਬੂਕ ਦੀ ਜੰਗ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ, ਜਿੰਨਾ ਦਾ ਪਹਿਲਾਂ ਜ਼ਿਕਰ ਲੰਘ ਚੁੱਕਿਆ ਹੈ । ਇਸ ਹਵਾਲੇ ਨਾਲ ਸੰਬੰਧਤ ਹਜ਼ਰਤ ਮਰਾਰਹ ਦਾ ਕੋਈ ਵਖੱਰਾ ਬਿਆਨ ਨਹੀਂ ਹੈ । ਹਜ਼ਰਤ ਕਅਬ ਬਿਨ ਮਾਲਕ ਦਾ ਹੀ ਵਿਸਥਾਰਪੂਰਨ ਬਿਆਨ ਹੈ ਜੋ ਹਜ਼ਰਤ ਹਲਾਲ ਬਿਨ ਉਮਯੱਾ ਬਾਰੇ ਬੀਤੇ ਜੁਮਏ ਦੇ ਖ਼ੁਤਬੇ ਵਿੱਚ ਬਿਆਨ ਕਰ ਚੁੱਕਿਆ ਹਾਂ ।

ਅਗਲੇ ਸਹਾਬੀ ਜਿੰਨ੍ਹਾ ਦਾ ਜ਼ਿਕਰ ਹੈ ਉਹਨਾ ਦਾ ਨਾਂ ਹਜ਼ਰਤ ਅਤਬਾ ਬਿਨ ਗ਼ਜ਼ਵਾਨ ਹੈ । ਹਜ਼ਰਤ ਅਤਬਾ ਬਿਨ ਗ਼ਜ਼ਵਾਨ ਆਪ ਬਿਆਨ ਕਰਦੇ ਹਨ ਕਿ ਮੈਂ ਉਹਨਾ ਵਿਅਕਤੀਆਂ ਵਿੱਚੋਂ ਸਤੱਵਾਂ ਸੀ ਜੋ ਸੱਭ ਤੋਂ ਪਹਿਲਾਂ ਇਸਲਾਮ ਕੁਬੂਲ ਕਰਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ ਸਨ । ਇਬਨੇ ਅਸੀਰ ਅਨੁਸਾਰ ਹਜ਼ਰਤ ਅਤਬਾ ਨੇ ਜੱਦ ਹਬਸ਼ੇ ਵੱਲ ਹਿਜਰਤ ਕੀਤੀ ਤਾਂ ਉਸ ਸਮੇਂ ਇਹਨਾ ਦੀ ਉਮਰ ਚਾਲ੍ਹੀ ਸਾਲ ਸੀ । ਜੱਦ ਉਹ ਹਬਸ਼ੇ ਤੋਂ ਮੱਕੇ ਵਾਪਸ ਪਰਤੇ ਉਸ ਸਮੇਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਅਜੇ ਮੱਕੇ ਵਿੱਚ ਹੀ ਸਨ । ਹਜ਼ਰਤ ਅਤਬਾ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਮੱਕੇ ਵਿੱਚ ਹੀ ਰਹੇ ਇੱਥੋਂ ਤੱਕ ਕਿ ਉਹਨਾ ਨੇ ਹਜ਼ਰਤ ਮਿਕਦਾਦ ਦੇ ਨਾਲ ਮਦੀਨੇ ਵੱਲ ਹਿਜਰਤ ਕੀਤੀ ।

ਜਿਹਾਦ ਬਿੱਸੈਫ਼ (ਆਪਣੀ ਸੁਰੱਖਿਆ ਲਈ ਤਲਵਾਰ ਦੀ ਵਰਤੋਂ) ਦੀ ਅਗਿਆ ਵਿੱਚ ਪਹਿਲੀ ਕੁਰਆਨੀ ਆਇਤ ਸਫ਼ਰ 2 ਹਿਜਰੀ ਵਿੱਚ ਨਾਜ਼ਲ ਹੋਈ । ਇਤਿਹਾਸ ਤੋਂ ਪਤਾ ਲਗੱਦਾ ਹੈ ਕਿ ਕਾਫ਼ਰਾਂ ਦੀਆਂ ਹਰਕਤਾਂ ਤੋਂ ਮੁਸਲਮਾਨਾ ਨੂੰ ਸੁਰੱਖ਼ਿਅਤ ਰਖੱਣ ਲਈ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਚਾਰ ਵਿਉਂਤਾ ਧਾਰਣ ਕੀਤੀਆਂ ਜੋ ਆਪ ਜੀ ਦੀ ਅਤਿ ਉਤੱਮ ਸਿਆਸੀ ਯੋਗਤਾ ਤੇ ਜੰਗੀ ਦੂਰਬੀਨੀ ਦਾ ਇਕ ਪ੍ਰਮਾਣ ਹੈ, ਉਹ ਵਿਉਂਤਾਂ ਇਹ ਸਨ ।

ਪਹਿਲੀ ਇਹ ਕਿ ਆਪ ਨੇ ਖ਼ੁਦ ਸਫ਼ਰ ਕਰਕੇ ਆਲ੍ਹੇ ਦੁਆਲੇ ਦੇ ਕਬੀਲਿਆਂ ਨਾਲ ਆਪਸੀ ਅਮਨ ਤੇ ਸ਼ਾਂਤੀ ਦੇ ਅਹਿਦਨਾਮੇ ਕਰਨੇ ਸ਼ੁਰੂ ਕੀਤੇ ਤਾਂ ਜੋ ਮਦੀਨੇ ਦੇ ਆਲ੍ਹੇ ਦੁਆਲੇ ਦਾ ਖੇਤਰ ਸੁਰੱਖਿਅਤ ਹੋ ਜਾਏ ।

ਦੂਜੀ ਇਹ ਕਿ ਆਪ ਨੇ ਖ਼ਬਰਾਂ ਲਿਆਉਣ ਵਾਲੀਆਂ ਛੋਟੀਆਂ ਛੋਟੀਆਂ ਪਾਰਟੀਆਂ ਮਦੀਨੇ ਨਾਲ ਲਗੱਦੇ ਵੱਖ ਵੱਖ ਖੇਤਰਾਂ ਵਿੱਚ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਆਪ ਨੂੰ ਕੁਰੈਸ਼ ਅਤੇ ਉਹਨਾ ਦੇ ਮਿਤੱਰਾਂ ਦੀਆਂ ਹਰਕਤਾਂ ਤੇ ਕਾਰਵਾਈਆਂ ਦੀ ਜਾਣਕਾਰੀ ਮਿਲਦੀ ਰਹੇ ਅਤੇ ਕੁਰੈਸ਼ਾਂ ਨੂੰ ਵੀ ਇਹ ਵਿਚਾਰ ਰਹੇ ਕਿ ਮੁਸਲਮਾਨ ਬੇਖ਼ਬਰ ਨਹੀਂ ਹਨ । ਇਉਂ ਮਦੀਨਾ ਅਚਨਚੇਤ ਹਮਲਿਆਂ ਦੇ ਖ਼ਤਰਿਆਂ ਤੋਂ ਸੁਰੱਖਿਆ ਹੋ ਜਾਏ ।

ਤੀਜੀ ਇਹ ਕਿ ਇਹਨਾ ਪਾਰਟੀਆਂ ਨੂੰ ਭਿਜਵਾਉਣ ਵਿੱਚ ਇਕ ਇਹ ਅਸਲਾ ਵੀ ਸੀ ਕਿ ਇਸ ਰਾਹੀਂ ਮੱਕੇ ਅਤੇ ਉਸਦੇ ਆਲ੍ਹੇ ਦੁਆਲੇ ਵਸਦੇ ਗ਼ਰੀਬ ਮੁਸਲਮਾਨਾਂ ਨੂੰ ਮਦੀਨੇ ਦੇ ਮੁਸਲਮਾਨਾ ਵਿੱਚ ਆਣ ਮਿਲਨ ਦਾ ਮੌਕਾ ਮਿਲ ਜਾਏ ਅਤੇ ਅਜਿਹੇ ਲੋਕਾਂ ਨੂੰ ਜ਼ਾਲਮ ਕੌਮ ਤੋਂ ਛੁਟਕਾਰਾ ਪਾਉਣ ਦਾ ਮੌਕਾ ਮਿਲ ਜਾਏ । ਅਰਥਾਤ ਅਜਿਹੇ ਲੋਕ ਕੁਰੈਸ਼ ਦੇ ਜੱਥਿਆਂ ਨਾਲ ਮਿਲਕੇ ਮਦੀਨੇ ਨੇੜੇ ਪਹੁੰਚ ਜਾਣ ਅਤੇ ਫ਼ਿਰ ਮੁਸਲਮਾਨਾ ਦੇ ਜੱਥਿਆ ਵੱਲ ਭਜੱਕੇ ਮੁਸਲਮਾਨਾ ਵਿੱਚ ਆਣ ਮਿਲਣ ।

ਚੌਥੀ ਵਿਉਂਤ ਆਪ ਨੇ ਇਹ ਧਾਰਣ ਕੀਤੀ ਕਿ ਆਪ ਨੇ ਕੁਰੈਸ਼ ਦੇ ਇਹਨਾ ਵਪਾਰਕ ਜੱਥਿਆਂ ਦੀ ਰੋਕਥਾਮ ਸ਼ੁਰੂ ਕੀਤੀ ਜੋ ਮੱਕੇ ਤੋਂ ਸ਼ਾਮ ਵੱਲ ਆਂਦੇ ਜਾਂਦੇ ਮਦੀਨੇ ਦੇ ਨੇੜਿਓਂ ਲੰਘਦੇ ਸਨ । ਕਿਉਂਕਿ ਇਹ ਜੱਥੇ ਜਿੱਥੋਂ ਜਿੱਥੋਂ ਲੰਘਦੇ ਸਨ ਮੁਸਲਮਾਨਾ ਦੇ ਵਿਰੁਧ ਦੁਸ਼ਮਣੀ ਦੀ ਅੱਗ ਲਾਉਂਦੇ ਜਾਂਦੇ ਸਨ ।

ਦੂਜਾ ਇਹ ਕਿ ਇਹ ਜੱਥੇ ਹਮੇਸ਼ਾ ਹੱਥਿਆਰਾਂ ਨਾਲ ਸੁਸੱਜਿੱਤ ਹੁੰਦੇ ਸਨ ਅਤੇ ਹਰ ਵਿਅਕਤੀ ਸਮਝ ਸਕਦਾ ਹੈ ਕਿ ਇਸ ਪ੍ਰਕਾਰ ਦੇ ਜੱਥਿਆਂ ਦਾ ਮਦੀਨੇ ਦੇ ਨੇੜਿਓਂ ਲੰਘਣਾ ਕਦੇ ਵੀ ਖ਼ਤਰੇ ਤੋਂ ਖਾਲੀ ਨਹੀਂ ਸੀ । ਤੀਜੀ ਇਹ ਗੱਲ ਕਿ ਕੁਰੈਸ਼ ਦਾ ਬਹੁਤਾ ਗੁਜ਼ਾਰਾ ਵਪਾਰ ਉਪੱਰ ਸੀ ਅਤੇ ਇਹਨਾ ਹਾਲਤਾਂ ਵਿੱਚ ਕੁਰੈਸ਼ ਨੂੰ ਨੀਵਾਂ ਕਰਨ ਅਤੇ ਉਹਨਾਂ ਨੂੰ ਉਹਨਾ ਦੀਆਂ ਅਤਿਚਾਰੀ ਕਾਰਵਾਈਆਂ ਤੋਂ ਰੋਕਣ ਲਈ ਅਤੇ ਸੁਲਾਹ ਲਈ ਮਜਬੂਰ ਕਰਨ ਦਾ ਇਹ ਸਭ ਤੋਂ ਵਿਸ਼ਵਸਨੀ ਤੇ ਝੱਟ ਪ੍ਰਭਾਵ ਕਰਨ ਵਾਲਾ ਸਾਧਨ ਸੀ ਕਿ ਉਹਨਾ ਦੇ ਵਪਾਰ ਦਾ ਮਾਰਗ ਬੰਦ ਕਰ ਦਿਤੱਾ ਜਾਏ । ਸੋ, ਇਤਹਾਸ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਜਿੰਨ੍ਹਾ ਗਲੱਾਂ ਨੇ ਅਖ਼ੀਰ ਕੁਰੈਸ਼ ਨੂੰ ਸੁਲਾਹ ਲਈ ਮਜਬੂਰ ਕੀਤਾ ਉਹਨਾ ਵਿੱਚ ਉਹਨਾ ਦੇ ਵਪਾਰਕ ਜੱਥਿਆਂ ਦੀ ਰੋਕ ਦਾ ਬਹੁਤ ਵਡੱਾ ਦਖ਼ਲ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ । ਹਜ਼ਰਤ ਅਤਬਾ ਬਿਨ ਗ਼ਜ਼ਵਾਨ ਦੀ ਮਦੀਨੇ ਵੱਲ ਹਿਜਰਤ ਦੀ ਘਟਨਾ ਇਸ ਪ੍ਰਕਾਰ ਹੈ ਕਿ ਰਬੀਉਲ ਅਵੱਲ ਦੇ ਮਹੀਨੇ ਵਿੱਚ ਦੋ ਹਿਜਰੀ ਦੇ ਅਰੰਭ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਇਕ ਨੇੜਲੇ ਰਿਸ਼ਤੇਦਾਰ ਉਬੈਦ ਬਿਨ ਹਾਰਸ ਮਤਲਬੀ ਦੀ ਪ੍ਰਧਾਨਗੀ ਵਿੱਚ ਸੱਠ ਸ਼ੁਤਰ ਸੁਆਰ ਮੁਹਾਜਰਾਂ ਦਾ ਇਕ ਜਥੱਾ ਤੋਰਿਆ । ਜੱਦ ਇਹ ਲੋਕ ਸਨੀਆਤੁਲ ਮਰਾਹ ਦੇ ਨੇੜੇ ਪਹੁੰਚੇ ਤਾਂ ਦੇਖਿਆ ਕਿ ਕੁਰੈਸ਼ ਦੇ ਦੋ ਸੌ ਸੁਸ਼ਸਤਰ ਨੌਜੁਆਨ ਅਕਰਮਾ ਬਿਨ ਅਬੂ ਜਹਿਲ ਦੀ ਕਮਾਨ ਵਿੱਚ ਡੇਰ੍ਹਾ ਲਈ ਬੈਠੇ ਹਨ । ਦੋਹਾਂ ਦਾ ਇਕ ਦੂਜੇ ਨਾਲ ਮੁਕਾਬਲਾ ਹੋਇਆ, ਪਰੰਤੂ ਮੁਸ਼ਰਕਾਂ ਦਾ ਦਲ ਇਹ ਖ਼ੌਫ਼ ਖਾਕੇ ਕਿ ਮੁਸਲਮਾਨਾ ਦੇ ਪਿੱਛੇ ਕੁਝ ਗੁਪਤ ਫ਼ੌਜ ਹੋਵੇਗੀ, ਇਹਨਾ ਦੇ ਮੁਕਾਬਲੇ ਤੋਂ ਪਿੱਛੇ ਹੱਟ ਗਿਆ । ਮੁਸ਼ਰਕਾਂ ਦੇ ਦਲ ਵਿੱਚ ਦੋ ਵਿਅਕਤੀ ਮਿਕਦਾਦ ਬਿਨ ਉਮਰੋ ਅਤੇ ਅਤਬਾ ਬਿਨ ਗ਼ਜ਼ਵਾਨ ਮੁਸਲਮਾਨਾ ਨਾਲ ਆਣ ਰਲੇ ਕਿਉਂਕਿ ਉਹ ਦਿਲੋਂ ਮੁਸਲਮਾਨ ਸਨ ਪਰ ਆਪਣੀ ਕਮਜ਼ੋਰੀ ਕਰਕੇ ਕੁਰੈਸ਼ ਤੋਂ ਡਰਦਿਆਂ ਹੋਇਆਂ

ਹਿਜਰਤ ਨ ਕਰ ਸਕੇ ਸਨ । ਇਹ ਰੱਬ ਦੀ ਮਿਹਰ ਸੀ ਕਿ ਮੁਸਲਮਾਨਾ ਨੂੰ ਚੋਕਸ ਦੇਖਕੇ ਆਪਣੇ ਆਦਮੀਆਂ ਵਿੱਚੋਂ ਕੁਝ ਨੂੰ ਮੁਸਲਮਾਨਾ ਵੱਲ ਜਾਂਦਿਆਂ ਹੋਇਆਂ ਦੇਖਕੇ ਕਾਫ਼ਰਾਂ ਨੂੰ ਲੜਾਈ ਦੀ ਹਿੰਮਤ ਨਹੀਂ ਹੋਈ ।

ਹਜ਼ਰਤ ਅਤਬਾ ਬਿਨ ਗ਼ਜ਼ਵਾਨ ਅਤੇ ਉਹਨਾ ਦੇ ਅਜ਼ਾਦ ਕੀਤੇ ਗ਼ੁਲਾਮ ਖ਼ਬਾਬ ਨੇ ਜੱਦ ਮੱਕੇ ਤੋਂ ਮਦੀਨੇ ਵੱਲ ਹਿਜਰਤ ਕੀਤੀ ਤਾਂ ਇਹ ਵੀ ਰਿਵਾਇਤ ਆਉਂਦੀ ਹੈ ਤਬਕਾਤੁਲ ਕੁਬਰਾ ਵਿੱਚ ਤੋਕਬਾ ਦੇ ਅਸਥਾਨ ਉਪੱਰ ਉਹਨਾ ਨੇ ਹਜ਼ਰਤ ਅਬਦੁਲੱਾਹ ਬਿਨ ਸਲਮਾ ਅਜਲਾਨੀ ਦੇ ਘਰ ਪੜਾਅ ਕੀਤਾ ਅਤੇ ਜੱਦ ਹਜ਼ਰਤ ਅਤਬਾ ਮਦੀਨੇ ਪਹੁੰਚੇ ਤਾਂ ਉਹਨਾ ਨੇ ਹਜ਼ਰਤ ਇਬਾਦ ਬਿਨ ਬਸ਼ਰ ਦੇ ਘਰ ਪੜਾਅ ਕੀਤਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਤਬਾ ਬਿਨ ਗ਼ਜ਼ਵਾਨ ਅਤੇ ਹਜ਼ਰਤ ਅਬੂ ਦਜਾਨਹ ਵਿੱਚ ਭਾਈਬੰਦੀ ਕਰਾਈ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਅਤਬਾ ਬਿਨ ਗ਼ਜ਼ਵਾਨ ਦੇ ਹਵਾਲਿਆਂ ਨਾਲ ਕੁਝ ਹੋਰ ਵੀ ਹੈ ਜੋ ਇੰਸ਼ਾਅਲੱਾਹ ਤਆਲਾ ਭਵਿੱਖ ਵਿੱਚ ਵਰਨਣ ਕਰਾਂਗਾ ।

ਹਜ਼ੂਰ ਅਨਵਰ ਨੇ ਫ਼ਰਮਇਆ : ਇਸ ਸਮੇਂ ਮੈਂ ਇਕ ਐਲਾਨ ਕਰਨਾ ਚਾਹੁੰਦਾ ਹਾਂ ਕਿ ਰੋਜ਼ਨਾਮਾ ਅਲਫ਼ਜ਼ਲ ਦੀ ਵੈਬਸਾਈਟ ਅਸੀਂ ਅਰੰਭ ਕੀਤੀ ਹੈ । ਅਲਫ਼ਜ਼ਲ ਦੇ 106 ਸਾਲ ਪੂਰੇ ਹੋਣ'ਤੇ ਲੰਦਨ ਤੋਂ ਅਲਫ਼ਜ਼ਲ ਆਨ ਲਾਈਨ ਐਡਸ਼ਨ ਦਾ ਅਰੰਭ ਹੋ ਰਿਹਾ ਹੈ । ਇਹ ਅਖ਼ਬਾਰ ਅੱਜ ਤੋਂ 106 ਸਾਲ ਪਹਿਲਾਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੀ ਆਗਿਆ ਅਤੇ ਦੁਆਵਾਂ ਨਾਲ 18 ਜੂਨ 1913 ਈ. ਨੂੰ ਅਰੰਭ ਕੀਤਾ ਸੀ । ਪਾਕਿਸਤਾਨ ਬਣਨ ਦੇ ਬਾਦ ਕੁਝ ਸਮਾਂ ਲਹੌਰ ਤੋਂ ਪ੍ਰਕਾਸ਼ਤ ਹੁੰਦਾ ਰਿਹਾ, ਫਿਰ ਹਜ਼ਰਤ ਮੁਸਲਿਹ ਮੌਊਦ ਦੀ ਨਿਗਰਾਨੀ ਵਿੱਚ ਇਹ ਰਬਵਾਹ ਤੋਂ ਨਿਕਲਣਾ ਅਰੰਭ ਹੋਇਆ । ਇਸ ਕਦੀਮ ਉਰਦੂ ਰੋਜ਼ਨਾਮਾ ਅਖ਼ਬਾਰ ਦਾ ਲੰਦਨ ਤੋਂ ਆਨ ਲਾਇਨ ਐਡੀਸ਼ਨ ਮਿਤੀ 13 ਦਸੰਬਰ 2019 ਈ. ਤੋਂ ਅਰੰਭ ਹੋ ਰਿਹਾ ਹੈ ਜੋ ਇੰਟਰਨੈਟ ਰਾਹੀਂ ਦੁਨੀਆ ਭਰ ਵਿੱਚ ਹਰ ਥਾਂ ਬਹੁਤ ਆਸਾਨੀ ਨਾਲ ਉਪਲਭਧ ਹੋਵੇਗਾ । ਇੰਸ਼ਾਅਲੱਾਹ ਜੁਮਏ ਦੇ ਬਾਦ ਇਸ ਦਾ ਉਦਘਾਟਨ ਹੋ ਜਾਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਦੋ ਮਰਹੂਮੀਨ ਹਨ ਜਿੰਨ੍ਹਾ ਦੇ ਮੈਂ ਜਨਾਜ਼ੇ ਪੜ੍ਹਵਾਂਗਾ, ਇੰਸ਼ਾਅਲੱਾਹ। ਇਹਨਾ ਵਿੱਚ ਪਹਿਲਾਂ ਮੁਕਰੱਮਾ ਸਯੱਦਾ ਤਨਵੀਰੁਲ ਇਸਲਾਮ ਸਾਹਿਬਾ ਦਾ ਹੈ ਜੋ ਮੁਕਰੱਮ ਮਿਰਜ਼ਾ ਹਫ਼ੀਜ਼ ਅਹਮਦ ਸਾਹਬ ਮਰਹੂਮ ਦੀ ਪਤਨੀ ਸਨ । 7 ਦਸੰਬਰ ਨੂੰ 91 ਸਾਲ ਦੀ ਉਮਰ ਵਿੱਚ ਵਫ਼ਾਤ ਹੋਈ । اناللہوانااليہراجعون۔ ਰੱਬ ਦੀ ਮਿਹਰ ਨਾਲ ਮੂਸੀਆ ਸਨ । ਇਹਨਾ ਦੇ ਪਿਤਾ ਦਾ ਨਾਂ ਮੀਰ ਅਬਦੁਸੱਲਾਮ ਸੀ ਅਤੇ ਇਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨੇਕ ਸਹਾਬੀ ਹਜ਼ਰਤ ਮੀਰ ਹਸਾਮੁੱਦੀਨ ਸਾਹਬ ਦੀ ਪੜਪੋਤੀ ਸਨ । ਹਜ਼ਰਤ ਸਯੱਦ ਮੀਰ ਹਾਮਦ ਸ਼ਾਹ ਸਾਹਬ ਦੀ ਪੋਤੀ ਸਨ ਅਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਦੀ ਨੂਹ ਸਨ । 1928 ਈ. ਵਿੱਚ ਸਿਆਲਕੋਟ ਵਿੱਚ ਪੈਦਾ ਹੋਈ ਸਨ । ਜਨਵਰੀ 1948 ਈ. ਵਿੱਚ ਇਹਨਾ ਦੀ ਸ਼ਾਦੀ ਮਿਰਜ਼ਾ ਹਫ਼ੀਜ਼ ਅਹਮਦ ਸਾਹਬ ਨਾਲ ਹੋਈ ਅਤੇ ਇਸ ਪ੍ਰਕਾਰ ਇਹ ਹਜ਼ਰਤ ਖ਼ਲੀਫ਼ਾਤੁਲ ਸਾਨੀ ਦੀ ਨੂਹ ਬਣੀ । ਇਹਨਾ ਨੂੰ ਲਗਭਗ 1956 ਈ. ਤੋਂ ਲੈਕੇ 2008 ਈ. ਤੱਕ ਵੱਖ ਵੱਖ ਸਮਿਆਂ ਵਿੱਚ ਲਗਭਗ 48 ਸਾਲ ਮਰਕਜ਼ੀ ਲਜਨਾ ਦੀ

ਸੈਕ੍ਰੇਟਰੀ ਨੁਮਾਇਸ਼ ਦੇ ਰੂਪ ਵਿੱਚ ਸੇਵਾ ਬਜਾ ਲਿਆਉਣ ਦੀ ਤੌਫ਼ੀਕ ਮਿਲੀ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨਾਲ ਇਹਨਾ ਦਾ ਬਹੁਤ ਪਿਆਰ ਵਾਲਾ ਸੰਬੰਧ ਸੀ, ਤਹਜੁੱਦ ਦਾ ਬਹੁਤ ਧਿਆਨ ਰਖੱਣ ਵਾਲੀ ਸਨ । ਇਹਨਾ ਦੀ ਮੁਲਾਜ਼ਮਾ ਨੇ ਦੱਸਿਆ ਕਿ ਜਿਸ ਰਾਤ ਇਹ ਫ਼ੌਤ ਹੋਈ ਹਨ ਇਸ ਰਾਤ ਵੀ ਤਿੰਨ ਵਜੇ ਦੇ ਨੇੜੇ ਤਹਜੁੱਦ ਪੜ੍ਹੀ ਤੇ ਸੌਂ ਗਈ ਅਤੇ ਇਸੇ ਅਵਸਥਾ ਵਿੱਚ ਇਹਨਾ ਦੀ ਵਫ਼ਾਤ ਹੋ ਗਈ । ਅਲੱਾਹ ਤਆਲਾ ਇਹਨਾ ਨਾਲ ਬਖ਼ਸ਼ਿਸ਼ ਭਰਿਆ ਵਰਤਾਉ ਕਰੇ ਅਤੇ ਰਹਿਮ ਕਰਦਿਆਂ ਹੋਇਆਂ ਦਰਜਾ ਬੁਲੰਦ ਕਰੇ ।

ਦੂਜਾ ਜ਼ਿਕਰ ਹੈ ਮਰਹੂਮਾ ਸਿਸਟਰ ਹਾਜਹ ਸ਼ਕੂਰਾ ਨੂਰ ਸਾਹਿਬਾ ਦਾ, ਇਹ ਅਮਰੀਕਾ ਦੀ ਹਨ ਜੋ ਪਹਿਲੀ ਦਸੰਬਰ ਨੂੰ ਵਫ਼ਾਤ ਪਾ ਗਈ ਹਨ । اناللهواناالیہراجعون۔ ਆਪ 1927 ਈ ਵਿੱਚ ਪੈਦਾ ਹੋਈ ਸਨ । ਅਰੰਭਕ ਸਮਾਂ ਵਾਸ਼ਿੰਗਟਨ ਡੀ ਸੀ ਵਿੱਚ ਲੰਘਾਇਆ । 1979 ਈ. ਵਿੱਚ ਆਪ ਨੇ ਸੁਪਨੇ ਵਿੱਚ ਕੁਰਆਨ ਕਰੀਮ ਤੇ ਕਲਮਾ ਸ਼ਹਾਦਤ ਦੇਖਿਆ । ਇਸ ਦੇ ਬਾਦ ਆਪ ਨੂੰ ਵਿਸ਼ਵਾਸ ਹੋ ਗਿਆ ਕਿ ਇਸਲਾਮ ਤੇ ਅਹਮਦੀਅਤ ਹੀ ਹਕੀਕੀ ਧਰਮ ਹੈ, ਸੋ, ਆਪ ਨੇ ਬੈਅਤ ਕਰ ਲਈ । ਆਪਨੂੰ ਖ਼ਿਲਾਫ਼ਤ ਦਾ ਅਤਿਅੰਤ ਅਦਬ ਸੀ ਅਤੇ ਬਹੁਤ ਡੂੰਘਾ ਸੰਬੰਧ ਸੀ । ਨਮਾਜ਼ ਬਾ ਜਮਾਤ ਦੀ ਪਾਬੰਦ ਸਨ । ਅਲੱਾਹ ਤਆਲਾ ਇਹਨਾ ਨਾਲ ਬਖ਼ਸ਼ਿਸ਼ ਭਰਿਆ ਵਰਤਾਉ ਕਰੇ, ਇਹਨਾ ਦੇ ਦਰਜੇ ਬੁਲੰਦ ਕਰੇ ਅਤੇ ਅਲੱਾਹ ਤਆਲਾ ਅਜਿਹੇ ਸੇਵਾ ਕਰਨ ਦੀਆਂ ਭਾਵਨਾਵਾਂ ਨਾਲ ਭਰਪੂਰ ਤੇ ਨੇਕ ਤੇ ਵਫ਼ਾਦਾਰੀ ਵਿੱਚ ਵਧੇ ਹੋਏ ਹੋਰ ਲੋਕ ਵੀ ਜਮਾਤ ਨੂੰ ਪ੍ਰਦਾਨ ਕਰੇ ।

★★★★★

**Khulasa Khutba Jumma 13.12.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131